# ਪਿਆਰੇ ਮਾਪਿਓ

ਅਸੀਂ ਇਸ ਸਾਲ ਆਪਣੇ ਆਕਰਸ਼ਕ ਅਤੇ ਸਬੂਤ-ਆਧਾਰਿਤ ਸਾਖਰਤਾ ਪ੍ਰੋਗਰਾਮ ਵਿੱਚ ਤੁਹਾਡੇ ਛੋਟੇ ਬੱਚੇ ਦੀ ਮਦਦ ਕਰਨ ਲਈ ਉਤਸ਼ਾਹਿਤ ਹਾਂ।

## ਤੁਸੀਂ ਕੀ ਉਮੀਦ ਕਰ ਸਕਦੇ ਹੋ?

ਅਸੀਂ Little Learners Love Literacy® ਨਾਲ ਪੜ੍ਹਾਉਂਦੇ ਹਾਂ - ਆਕਰਸ਼ਕ ਗਤੀਵਿਧੀਆਂ ਅਤੇ ਪਾਤਰਾਂ ਨਾਲ ਢਾਂਚਾਗਤ ਅਤੇ ਸਪੱਸ਼ਟ ਸਾਖਰਤਾ ਪਹੁੰਚ ਜੋ ਬੱਚੇ ਪਸੰਦ ਕਰਦੇ ਹਨ। ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਦੀਆਂ 44 ਆਵਾਜ਼ਾਂ ਅਤੇ ਅੰਗਰੇਜ਼ੀ ਵਰਣਮਾਲਾ ਕੋਡ ਦੇ ਸਿਧਾਂਤਾਂ ਨੂੰ ਸਿਖਾਉਣ ਲਈ ਇਸ ਨੂੰ ਸੱਤ ਪੜਾਵਾਂ ਵਿੱਚ ਧਿਆਨ ਨਾਲ ਕ੍ਰਮਬੱਧ ਕੀਤਾ ਜਾਂਦਾ ਹੈ:

- ਕਿ ਹਰੇਕ ਬੋਲੀ ਦੀ ਧੁਨੀ (ਜਿਸਨੂੰ 'ਫੋਨੀਮਜ਼' ਵਜੋਂ ਜਾਣਿਆ ਜਾਂਦਾ ਹੈ) ਨੂੰ ਇੱਕ ਵੱਖਰੇ ਅੱਖਰ (ਜਾਂ ਅੱਖਰਾਂ ਦੇ ਸਮੂਹ) ਦੁਆਰਾ ਦਰਸਾਇਆ ਜਾ ਸਕਦਾ ਹੈ, ਜਿਵੇਂ ਕਿ ਧੁਨੀ /ī/ ਨੂੰ ਇਹਨਾਂ ਸ਼ਬਦਾਂ ਵਿੱਚ **I**, sk**y**, p**ie**, **i**ce, c**y**cle;
- ਇਹ ਕਿ ਇੱਕ ਅੱਖਰ ਜਾਂ ਅੱਖਰਾਂ ਦਾ ਸਮੂਹ ਵੱਖ-ਵੱਖ ਬੋਲਣ ਦੀਆਂ ਆਵਾਜ਼ਾਂ ਦੀ ਪ੍ਰਤੀਨਿਧਤਾ ਕਰ ਸਕਦਾ ਹੈ, ਜਿਵੇਂ ਕਿ 'y' ਇਹਨਾਂ ਸ਼ਬਦਾਂ ਵਿੱਚ **y**es, g**y**m, funn**y**, sk**y**.

## Little Learners Love Literacy® ਸੱਤ ਪੜਾਅ




ਕੀ ਤੁਸੀਂ ਜਾਣਦੇ ਹੋ ਕਿ ਅੰਗਰੇਜ਼ੀ ਵਰਣਮਾਲਾ ਕੋਡ ਸਿੱਖਣ ਨਾਲ ਬੱਚਿਆਂ ਨੂੰ ਸਾਰੇ ਅੰਗਰੇਜ਼ੀ ਸ਼ਬਦਾਂ ਦਾ 84% ਪੜ੍ਹਨ ਅਤੇ ਸ਼ਬਦ-ਜੋੜ ਬਨਾਉਣ ਦਾ ਗਿਆਨ ਹੁੰਦਾ ਹੈ? (ਹੈਨਾ, ਹੈਨਾ, ਹੋਜਜ਼ ਅਤੇ ਰੁਡਗੋਰਫ, 1966)

ਅਸੀਂ ਸਧਾਰਣ ਵਰਣਮਾਲਾ ਕੋਡ (ਪੜਾਅ 1-4) ਸਿਖਾਉਣ ਨਾਲ ਸ਼ੁਰੂਆਤ ਕਰਦੇ ਹਾਂ। ਅਸੀਂ ਪੜ੍ਹਨ ਅਤੇ ਸ਼ਬਦਜੋੜ ਦੀ ਸਫਲਤਾ ਲਈ ਸਭ ਤੋਂ ਮਜ਼ਬੂਤ ਨੀਂਹਾਂ ਬਨਾਉਣ ਲਈ ਫੋਨਕਸ ਅਤੇ ਫੋਨੀਮਕ ਜਾਗਰੂਕਤਾ ਉੱਤੇ ਧਿਆਨ ਕੇਂਦਰਿਤ ਕਰਾਂਗੇ। ਅਸੀਂ ਸਮਝ ਅਤੇ ਲਿਖਣ ਲਈ ਇੱਕੋ ਜਿਹੀਆਂ ਬੁਨਿਆਦਾਂ ਵਿਕਸਤ ਕਰਨ ਲਈ ਸ਼ਬਦਾਵਲੀ ਅਤੇ ਜ਼ੁਬਾਨੀ ਭਾਸ਼ਾ ਦੇ ਹੁਨਰਾਂ ਦੇ ਨਿਰਮਾਣ ਉੱਤੇ ਵੀ ਧਿਆਨ ਕੇਂਦਰਿਤ ਕਰਾਂਗੇ।

## ਮੀਲੋ ਅਤੇ ਦੋਸਤਾਂ ਨੂੰ ਮਿਲੋ




ਮਿਆਦ ਦੇ ਪਹਿਲੇ ਕੁਝ ਹਫਤਿਆਂ ਵਿੱਚ, ਅਸੀਂ ਆਪਣੇ stage 1 ਦੇ ਅੱਖਰਾਂ ਅਤੇ ਧੁਨੀਆਂ (m s f a p t c i) ਸਿੱਖਾਂਗੇ। ਅਸੀਂ Milo's Birthday Surprise ਕਹਾਣੀ ਦੀ ਕਿਤਾਬ ਦਾ ਅਨੰਦ ਲਵਾਂਗੇ, ਨਿਯਮਿਤ ਤੌਰ 'ਤੇ ਨਵੇਂ ਕਿਰਦਾਰ ਅਤੇ ਆਵਾਜ਼ ਨੂੰ ਮਿਲਾਂਗੇ। ਅਸੀਂ ਸ਼ਬਦਾਂ ਨੂੰ ਕਹਿਣ ਅਤੇ ਪੜ੍ਹਨ ਲਈ ਧੁਨੀਆਂ ਨੂੰ ਮਿਲਾਉਣਾ ਸਿੱਖਾਂਗੇ, ਅਤੇ ਨਾਲ ਹੀ Ally alligator ਕਠਪੁਤਲੀ ਦੀ ਵਰਤੋਂ ਕਰਕੇ ਸ਼ਬਦਜੋੜਾਂ ਲਈ ਉਨ੍ਹਾਂ ਨੂੰ ਵੰਡਾਂਗੇ। ਅਸੀਂ ਜਮਾਤ ਦੇ ਕਮਰੇ ਅਤੇ ਘਰ ਵਿੱਚ ਹੱਥ ਨਾਲ ਲਿਖਣ ਦਾ ਅਭਿਆਸ ਵੀ ਕਰਾਂਗੇ।



## ਡੀਕੋਡ ਕਰਨ ਵਾਲੀਆਂ ਕਿਤਾਬਾਂ



ਇੱਕ ਵਾਰ ਜਦੋਂ ਅਸੀਂ ਪੜਾਅ 1 ਨੂੰ ਪੜ੍ਹਾਉਣਾ ਖਤਮ ਕਰ ਦੇਵਾਂਗੇ, ਤਾਂ ਅਸੀਂ Little Learner ਡੀਕੋਡ ਕਰਨ ਵਾਲੀਆਂ ਕਿਤਾਬਾਂ ਘਰ ਭੇਜਣਾ ਸ਼ੁਰੂ ਕਰ ਦੇਵਾਂਗੇ। ਇਹ ਸਾਡੀਆਂ 'ਨੋ ਟਰਿਕਸ' ਕਿਤਾਬਾਂ ਹਨ। ਹਰੇਕ ਕਿਤਾਬ ਉਨ੍ਹਾਂ ਆਵਾਜ਼ਾਂ ਅਤੇ ਅੱਖਰਾਂ ਦਾ ਅਭਿਆਸ ਕਰਦੀ ਹੈ ਜੋ ਅਸੀਂ ਪੜਾਅ 1 ਵਿੱਚ ਸਿਖਾਈਆਂ ਹਨ, ਇਸ ਲਈ ਬੱਚੇ ਆਵਾਜ਼ ਦੇ ਕੇ ਅਤੇ ਮਿਸ਼ਰਣ ਕਰਕੇ (ਅੰਦਾਜ਼ਾ ਲਗਾਉਣ ਦੀ ਲੋੜ ਤੋਂ ਬਿਨਾਂ!) ਕਿਤਾਬਾਂ ਨੂੰ ਖੁਦ ਪੜ੍ਹਨ ਦੇ ਯੋਗ ਹੋਣਗੇ।

## ਤੁਸੀਂ ਘਰ ਵਿੱਚ ਆਪਣੇ ਬੱਚੇ ਦਾ ਸਹਿਯੋਗ ਕਿਵੇਂ ਕਰ ਸਕਦੇ ਹੋ?



### ਆਪਣੇ ਬੱਚੇ ਨੂੰ ਪੜ੍ਹ ਕੇ ਸੁਨਾਉਣਾ

ਆਪਣੇ ਬੱਚੇ ਨੂੰ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਕੇ ਸੁਣਾਓ (ਜਾਂ ਇਕੱਠੇ ਆਡੀਓ ਕਿਤਾਬਾਂ ਸੁਣੋ) ਅਤੇ ਇਸ ਬਾਰੇ ਗੱਲ ਕਰੋ ਕਿ ਤੁਸੀਂ ਹੁਣੇ ਕੀ ਪੜ੍ਹਿਆ ਹੈ। ਇਹ ਸ਼ਬਦਾਵਲੀ ਅਤੇ ਭਾਸ਼ਾਈ ਸਮਝ ਲਈ ਮਹੱਤਵਪੂਰਣ ਹੈ। ਸੌਣ ਦੇ ਸਮੇਂ ਵਰਗੇ ਸ਼ਾਂਤ ਸਮੇਂ ਦੀ ਚੋਣ ਕਰਨਾ, ਇੱਕ ਸੌਖਾ ਅਤੇ ਮਜ਼ੇਦਾਰ ਪੜ੍ਹਨ ਦਾ ਨਿੱਤਨੇਮ ਬਨਾਉਣ ਵਿੱਚ ਮਦਦ ਕਰ ਸਕਦਾ ਹੈ।



### ਧੁਨੀਆਂ ਨਾਲ ਖੇਡੋ

ਲਿਟਲ ਲਰਨਰਜ਼ ਚਿੱਠੀ ਪੜ੍ਹੋ ਜਿਸ ਨੂੰ ਅਸੀਂ ਹਰ ਹਫਤੇ ਘਰ ਭੇਜਾਂਗੇ। ਆਪਣੇ ਬੱਚਿਆਂ ਨੂੰ ਉਹ ਸਵਾਲ ਪੁੱਛੋ ਜੋ ਚਿੱਠੀ ਵਿੱਚ ਸ਼ਾਮਲ ਹਨ। ਇਹ ਫੋਨੀਮਕ ਜਾਗਰੂਕਤਾ ਦੇ ਵਿਕਾਸ ਦਾ ਸਮਰਥਨ ਕਰੇਗਾ (ਸ਼ਬਦਾਂ ਦੇ ਅੰਦਰ ਬੋਲਣ ਦੀਆਂ ਆਵਾਜ਼ਾਂ ਦੀ ਪਛਾਣ ਕਰਨ, ਮਿਸ਼ਰਣ, ਖੰਡ ਅਤੇ ਸੋਧਣ ਦੀ ਯੋਗਤਾ)। Spotify 'ਤੇ ਸੰਗੀਤ ਸੁਣੋ, ਨਾਲ ਨਾਲ ਗਾਓ ਅਤੇ ਹਰਕਤਾਂ ਵੀ ਕਰੋ।



### ਆਵਾਜ਼ਾਂ ਨੂੰ ਬੋਲੋ

Little Learners Love Literacy YouTube ਚੈਨਲ ਉੱਤੇ ਧੁਨੀਆਂ (ਫੋਨੀਮਜ਼) ਸੁਣੋ। ਆਪਣੇ ਬੱਚੇ ਦਾ ਸਹਿਯੋਗ ਕਰਦੇ ਸਮੇਂ ਘਰ ਵਿੱਚ ਇਹਨਾਂ ਆਵਾਜ਼ਾਂ ਦੀ ਨਕਲ ਕਰੋ।

ਅੰਤ ਵਿੱਚ 'ਉਹ' ਧੁਨੀ ਤੋਂ ਬਿਨਾਂ ਧੁਨੀਆਂ ਦਾ ਉਚਾਰਨ ਕਰਨਾ ਮਹੱਤਵਪੂਰਣ ਹੈ - ਉਦਾਹਰਣ ਲਈ, 'ਲਲਲ' ਨਾ ਕਿ 'ਲੁਹ'।





## ਡੀਕੋਡ ਕਰਨ ਦਾ ਅਭਿਆਸ ਕਰੋ

ਜਦੋਂ ਸਾਡੀਆਂ ਡੀਕੋਡ ਕਰਨ ਵਾਲੀਆਂ ਕਹਾਣੀਆਂ ਦੀਆਂ ਕਿਤਾਬਾਂ ਟਰਮ ਵਿੱਚ ਬਾਅਦ ਵਿੱਚ ਘਰ ਭੇਜੀਆਂ ਜਾਂਦੀਆਂ ਹਨ, ਤਾਂ ਆਪਣੇ ਬੱਚੇ ਨੂੰ ਬੋਲਣ ਅਤੇ ਅਣਜਾਣ ਸ਼ਬਦਾਂ ਨੂੰ ਪੜ੍ਹਨ ਲਈ ਮਿਲਾਉਣ ਲਈ ਉਤਸ਼ਾਹਤ ਕਰੋ। ਯਾਦ ਰੱਖੋ ਕਿ ਇਹ ਤੁਹਾਡੇ ਬੱਚੇ ਦੇ ਪੜ੍ਹਨ ਦੀ ਸਿੱਖਿਆ ਵਾਲੀ ਯਾਤਰਾ ਦੀ ਸ਼ੁਰੂਆਤ ਹੈ ਅਤੇ ਜਿਵੇਂ ਉਹ ਤੁਰਨਾ ਸਿੱਖ ਰਹੇ ਸਨ, ਉਸੇ ਤਰ੍ਹਾਂ, ਤੁਹਾਡੇ ਬੱਚੇ ਨੂੰ ਆਪਣੇ ਵਿਸ਼ਵਾਸ ਅਤੇ ਹੁਨਰਾਂ ਨੂੰ ਤਿਆਰ ਕਰਨ ਲਈ ਸਹਾਇਤਾ ਦੀ ਲੋੜ ਪਵੇਗੀ।

ਜੇ ਤੁਸੀਂ Little Learners Love Literacy®, ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਤੁਸੀਂ ਉਹਨਾਂ ਦੀ ਵੈੱਬਸਾਈਟ littlelearnersloveliteracy.com.au ਉੱਤੇ ਜਾ ਸਕਦੇ ਹੋ, ਜਾਂ ਤੁਸੀਂ ਮੈਨੂੰ ਪੁੱਛ ਸਕਦੇ ਹੋ।

ਸਤਿਕਾਰ ਸਹਿਤ